**ਅਤੀ ਜ਼ਰੂਰੀ/ਤੁਰੰਤ**

ਪੰਜਾਬ ਸਰਕਾਰ
ਆਮ ਰਾਜ ਪ੍ਰਬੰਧ ਵਿਭਾਗ
(ਆਮ ਤਾਲਮੇਲ ਸ਼ਾਖਾ)

ਵਿਸ਼ਾ: **ਪੰਜਾਬ ਸਰਕਾਰ ਦੇ ਅਧਿਕਾਰੀਆਂ ਵਲੋਂ ਦਫਤਰੀ ਕੰਮ ਕਾਜ ਵਿੱਚ ਸਰਕਾਰੀ ਈ-ਮੇਲ ਆਈ.ਡੀ.ਦੀ ਵਰਤੋਂ ਕਰਨ ਬਾਰੇ।**

******

ਸਮੂਹ ਵਿਸ਼ੇਸ਼ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰਜ਼, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ ਕ੍ਰਿਪਾ ਕਰਕੇ ਉਪਰੋਕਤ ਵਿਸ਼ੇ ਤੇ ਇਸ ਵਿਭਾਗ ਦੇ ਪੱਤਰ ਨੰ: 11/3/2017-ਜੀ.ਸੀ.(6)/9690-9691, ਮਿਤੀ: 30-06-2017 ਵੱਲ ਧਿਆਨ ਦੇਣ ਦੀ ਖੇਚਲ ਕਰਨ ਜੀ।

2. ਉਕਤ ਹਵਾਲਾ ਅਧੀਨ ਪੱਤਰ ਰਾਹੀਂ ਇਹ ਲਿਖਿਆ ਗਿਆ ਸੀ ਕਿ ਅੱਗੋਂ ਵਾਸਤੇ ਸਰਕਾਰੀ ਕੰਮ ਕਾਜ ਕੇਵਲ ਸਰਕਾਰੀ ਈ-ਮੇਲ ਆਈ.ਡੀ. ਰਾਹੀਂ ਹੀ ਕੀਤਾ ਜਾਣਾ ਯਕੀਨੀ ਬਣਾਇਆ ਜਾਵੇ, ਪਰੰਤੂ ਹਾਲੇ ਵੀ ਕੁੱਝ ਅਧਿਕਾਰੀਆਂ ਵਲੋਂ ਸਰਕਾਰੀ ਕਾਰਵਾਈ ਲਈ ਪ੍ਰਸ਼ਾਸਨਿਕ ਸੁਧਾਰ ਵਿਭਾਗ ਦੁਆਰਾ ਬਣਾਈ ਗਈ ਸਰਕਾਰੀ ਈ-ਮੇਲ ਆਈ.ਡੀ. ਦੀ ਵਰਤੋਂ ਨਹੀਂ ਕੀਤੀ ਜਾਂਦੀ ਅਤੇ ਨਿੱਜੀ ਈ-ਮੇਲ ਆਈ.ਡੀ. (gmail / yahoo) ਰਾਹੀਂ ਸਰਕਾਰੀ ਕੰਮ ਕਾਜ ਕੀਤਾ ਜਾ ਰਿਹਾ ਹੈ।

3. ਇਸ ਤੋਂ ਇਲਾਵਾ ਵਿਸ਼ੇਸ਼ ਤੌਰ ਤੇ ਇਹ ਵੀ ਦੱਸਣਯੋਗ ਹੈ ਕਿ ਪੰਜਾਬ ਸਰਕਾਰ ਦੀ ਵੈਬ-ਸਾਈਟ ਅਤੇ ਹਰ ਸਾਲ ਪੰਜਾਬ ਸਰਕਾਰ ਦੀਆਂ ਛਪਣ ਵਾਲੀਆਂ ਸਰਕਾਰੀ ਡਾਇਰੀਆਂ ਤੇ ਪ੍ਰਸ਼ਾਸਨਿਕ ਸੁਧਾਰ ਵਿਭਾਗ ਵਲੋਂ ਬਣਾਈਆਂ ਗਈਆਂ ਈ-ਮੇਲ ਆਈ.ਡੀ ਹੀ ਦਰਸ਼ਾਈਆਂ ਜਾਂਦੀਆਂ ਹਨ। ਪੰਜਾਬ ਸਰਕਾਰ ਸਮੇਤ ਭਾਰਤ ਸਰਕਾਰ ਦੇ ਅਧਿਕਾਰੀਆਂ ਵਲੋਂ ਪੰਜਾਬ ਸਰਕਾਰ ਦੀ ਡਾਇਰੀ / ਵੈਬ-ਸਾਈਟ ਨੂੰ ਵੇਖ ਕੇ ਹੀ ਈ-ਮੇਲ ਕੀਤੀ ਜਾਂਦੀ ਹੈ ਪਰੰਤੂ ਕੁੱਝ ਅਧਿਕਾਰੀਆਂ ਦੀ ਵੱਖਰੀ ਨਿੱਜੀ ਈ-ਮੇਲ ਆਈ.ਡੀ. (gmail / yahoo) ਹੋਣ ਕਾਰਨ ਸਬੰਧਤ ਅਧਿਕਾਰੀਆਂ ਨੂੰ ਉਨ੍ਹਾਂ ਵਲੋਂ ਕੀਤੀ ਗਈ ਈ-ਮੇਲ ਦਾ ਪਤਾ ਹੀ ਨਹੀਂ ਚਲਦਾ ਕਿਉਂਕਿ ਉਹ ਉਨ੍ਹਾਂ ਵਲੋਂ ਜਾਂ ਉਨ੍ਹਾਂ ਦੇ ਸਟਾਫ ਵਲੋਂ ਚੈਕ ਹੀ ਨਹੀਂ ਕੀਤੀ ਜਾਂਦੀ।

4. ਉਪਰੋਕਤ ਤੋਂ ਇਲਾਵਾ ਇਹ ਵੀ ਦੱਸਣਯੋਗ ਹੈ ਕਿ ਨਿੱਜੀ ਈ-ਮੇਲ ਆਈ.ਡੀ. (gmail / yahoo) ਵਾਲਾ ਅਫਸਰ ਜਦੋਂ ਬਦਲ ਜਾਂਦਾ ਹੈ ਤਾਂ ਅਗਲੇ ਅਫਸਰ ਦਾ ਆਉਣ ਵਾਲਾ ਸਟਾਫ ਉਸ ਨੂੰ continue ਨਹੀਂ ਕਰ ਪਾਉਂਦਾ। ਨਿੱਜੀ ਈ-ਮੇਲ ਆਈ.ਡੀ. ਦਾ ਇਸਤੇਮਾਲ ਕਰਨਾ ਵੈਸੇ ਵੀ ਗ਼ਲਤ ਹੈ। ਇਸ ਲਈ ਸਰਕਾਰੀ ਕੰਮ ਵਿੱਚ ਸਰਕਾਰੀ ਈ-ਮੇਲ ਆਈ.ਡੀ. ਦੀ ਹੀ ਵਰਤੋਂ ਕੀਤੀ ਜਾਣੀ ਯਕੀਨੀ ਬਣਾਈ ਜਾਵੇ ਜੀ।

5. ਉੱਕਤ ਕਾਰਨਾਂ ਕਰਕੇ ਬੇਨਤੀ ਹੈ ਕਿ ਜਿਨ੍ਹਾਂ ਅਧਿਕਾਰੀਆਂ ਨੇ gmail ਜਾਂ yahoo ਤੇ ਨਿੱਜੀ ਈ-ਮੇਲ ਆਈ.ਡੀ. ਬਣਾਈ ਹੋਈ ਹੈ, ਉਸ ਨੂੰ ਤੁਰੰਤ ਡਿਲੀਟ ਕਰਵਾ ਦਿੱਤਾ ਜਾਵੇ ਅਤੇ ਤੁਰੰਤ ਪ੍ਰਭਾਵ ਤੋਂ ਸਰਕਾਰੀ ਕੰਮ ਨੂੰ ਸਕਰਾਰੀ ਈ-ਮੇਲ ਆਈ.ਡੀ. ਤੇ ਹੀ ਕਰਨਾ ਯਕੀਨੀ ਬਣਾਇਆ ਜਾਵੇ ਜੀ।

6. ਪ੍ਰਬੰਧਕੀ ਸਕੱਤਰਾਂ ਦੇ ਨਿੱਜੀ ਸਟਾਫ ਵਲੋਂ ਸਰਕਾਰੀ ਕੰਮ ਨੂੰ, ਸਰਕਾਰੀ ਈ-ਮੇਲ ਆਈ.ਡੀ. ਤੇ ਕਰਨ ਬਾਰੇ; ਆਮ ਰਾਜ ਪ੍ਰਬੰਧ ਵਿਭਾਗ ਵਲੋਂ ਸਮੇਂ ਸਮੇਂ ਤੇ ਚੈਕਿੰਗ ਕੀਤੀ ਜਾਇਆ ਕਰੇਗੀ।

7. ਜਿਨ੍ਹਾਂ ਅਧਿਕਾਰੀਆਂ ਦੀ ਹਾਲੇ ਤੱਕ ਵੀ ਸਰਕਾਰੀ ਈ-ਮੇਲ ਆਈ.ਡੀ. ਨਹੀਂ ਬਣੀ ਹੈ, ਉਹ ਆਪਣੀ ਸਰਕਾਰੀ ਈ-ਮੇਲ ਆਈ.ਡੀ. ਬਣਾਉਣ ਲਈ ਤੁਰੰਤ ਪ੍ਰਸ਼ਾਸਨਿਕ ਸੁਧਾਰ ਵਿਭਾਗ ਨਾਲ ਸੰਪਰਕ ਕਰਨ।

8. ਇਹ ਵੀ ਬੇਨਤੀ ਹੈ ਕਿ ਸਮੂਹ ਪ੍ਰਬੰਧਕੀ ਸਕੱਤਰ ਇਹ ਯਕੀਨੀ ਬਨਾਉਣ ਕਿ ਉਨ੍ਹਾਂ ਅਧੀਨ ਆਉਂਦੇ ਵਿਭਾਗੀ ਮੁੱਖੀ, ਬੋਰਡਾਂ/ ਕਾਰਪੋਰੇਸ਼ਨਾਂ/ ਕਮਿਸ਼ਨਾਂ/ ਖੁਦ-ਮੁਖਤਿਆਰ ਅਦਾਰਿਆਂ ਦੇ ਚੇਅਰਮੈਨਾਂ/ ਮੈਨੇਜਿੰਗ ਡਾਇਰੈਕਟਰਾਂ ਅਤੇ ਹੋਰ ਫੀਲਡ ਅਧਿਕਾਰੀਆਂ ਵਲੋਂ ਵੀ ਉਨ੍ਹਾਂ ਦੀ ਪ੍ਰਸ਼ਾਸਨਿਕ ਸੁਧਾਰ ਵਿਭਾਗ ਪਾਸੋਂ ਸਰਕਾਰੀ ਈ-ਮੇਲ ਆਈ.ਡੀ. ਬਣਾਈ ਜਾਵੇ ਅਤੇ ਇਸ ਉਪਰੰਤ ਸਰਕਾਰੀ ਈ-ਮੇਲ ਆਈ.ਡੀ. ਤੇ ਹੀ ਸਰਕਾਰੀ ਕੰਮ ਕਾਜ ਕੀਤਾ ਜਾਵੇ।

(ਕਿਰਪਾ ਸ਼ੰਕਰ ਸਰੋਜ)
ਪ੍ਰਮੁੱਖ ਸਕੱਤਰ, ਆਮ ਰਾਜ ਪ੍ਰਬੰਧ ਵਿਭਾਗ
10/11/2017

ਸੇਵਾ ਵਿਖੇ,

ਸਮੂਹ ਵਿਸ਼ੇਸ਼ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ,
ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ:ਵਿ:ਪੱ:ਨੰ: 11/3/2017-ਜੀ.ਸੀ.(6)/16336 ਮਿਤੀ, ਚੰਡੀਗੜ੍ਹ: 10/11/17
ਪਿੱ:ਅੰ:ਨੰ: 11/3/2017-ਜੀ.ਸੀ.(6)/16637 ਮਿਤੀ, ਚੰਡੀਗੜ੍ਹ: 10/11/17

ਉਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨ ਲਈ, ਉਤਾਰਾ ਨਿਮਨਲਿਖਿਤ ਅਧਿਕਾਰੀਆਂ ਨੂੰ ਭੇਜਿਆ ਜਾਂਦਾ ਹੈ:-

1. ਰਾਜ ਦੇ ਸਮੂਹ ਵਿਭਾਗਾਂ ਦੇ ਮੁਖੀ।
2. ਰਾਜ ਦੇ ਸਮੂਹ ਡਵੀਜ਼ਨਲ ਕਮਿਸ਼ਨਰ ਅਤੇ ਡਿਪਟੀ ਕਮਿਸ਼ਨਰ ਵਲੋਂ ਇਹ ਯਕੀਨੀ ਬਣਾਇਆ ਜਾਵੇ ਕਿ ਜ਼ਿਲ੍ਹੇ ਦੇ ਸਮੂਹ ਜ਼ਿਲ੍ਹਾ ਅਧਿਕਾਰੀਆਂ ਸਮੇਤ ਉਪ ਮੰਡਲ ਮੈਜਿਸਟਰੇਟ, ਤਹਿਸੀਲਦਾਰ ਅਤੇ ਹੋਰ ਫੀਲਡ ਅਧਿਕਾਰੀਆਂ ਆਦਿ ਵਲੋਂ ਸਰਕਾਰੀ ਕੰਮ ਕੇਵਲ ਸਰਕਾਰੀ ਈ-ਮੇਲ ਆਈ.ਡੀ. ਤੇ ਹੀ ਕੀਤਾ ਜਾਵੇ।

(ਕਿਰਪਾ ਸ਼ੰਕਰ ਸਰੋਜ)
ਪ੍ਰਮੁੱਖ ਸਕੱਤਰ, ਆਮ ਰਾਜ ਪ੍ਰਬੰਧ ਵਿਭਾਗ
10/11/2017

ਪੰਜਾਬ ਸਰਕਾਰ
ਪਾਵਰ, ਨਵੀਂ ਅਤੇ ਨਵਿਆਉਣਯੋਗ ਊਰਜਾ ਸਰੋਤ ਵਿਭਾਗ
(ਊਰਜਾ ਸ਼ਾਖਾ)

ਪਿੱਠ ਅੰਕਣ ਨੰ:11/143/2015-ਉਸ4(ਪਫ3)/3403-06 ਮਿਤੀ, ਚੰਡੀਗੜ੍ਹ-30/11/2017

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ, ਪਟਿਆਲਾ।
2. ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ, ਪਟਿਆਲਾ।
3. ਮੁੱਖ ਬਿਜਲੀ ਇੰਸਪੈਕਟਰ, ਪਟਿਆਲਾ।
4. ਪੰਜਾਬ ਊਰਜਾ ਵਿਕਾਸ ਏਜੰਸੀ, ਚੰਡੀਗੜ੍ਹ।

30/11/17
ਸੁਪਰਡੰਟ